# Joint Press Release on First Meeting of India-Maldives Joint Working Group on Counter Terrorism, Countering Violent Extremism and De-Radicalisation

April 08, 2021

---

# ਅੱਤਵਾਦ-ਰੋਧ, ਹਿੰਸਕ ਕੱਟੜਵਾਦ ਰੋਧ ਅਤੇ ਡੀ-ਰੈਡੀਕਲਾਈਜੇਸ਼ਨ 'ਤੇ ਭਾਰਤ-ਮਾਲਦੀਵ ਸਾਂਝਾ ਕਾਰਜ ਸਮੂਹ ਦੀ ਪਹਿਲੀ ਬੈਠਕ ਬਾਰੇ ਸਾਂਝਾ ਪ੍ਰੈਸ ਬਿਆਨ

8 ਅਪ੍ਰੈਲ, 2021

ਅੱਤਵਾਦ-ਰੋਧ, ਹਿੰਸਕ ਕੱਟੜਵਾਦ ਦੇ ਰੋਧ ਅਤੇ ਡੀ-ਰੈਡੀਕਲਾਈਜੇਸ਼ਨ 'ਤੇ ਭਾਰਤ-ਮਾਲਦੀਵ ਸਾਂਝਾ ਕਾਰਜ ਸਮੂਹ ਦੀ ਪਹਿਲੀ ਬੈਠਕ 8 ਅਪ੍ਰੈਲ, 2021 ਨੂੰ ਨਵੀਂ ਦਿੱਲੀ ਵਿਖੇ ਹੋਈ। ਭਾਰਤੀ ਪੱਖ ਦੀ ਅਗਵਾਈ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੱਛਮ) ਸ੍ਰੀ ਵਿਕਾਸ ਸਵਰੂਪ ਅਤੇ ਮਾਲਦੀਵ ਦੇ ਪੱਖ ਦੀ ਅਗਵਾਈ ਵਿਦੇਸ਼ ਸਕੱਤਰ ਸ੍ਰੀ ਅਬਦੁਲ ਗਫੂਰ ਮੁਹੰਮਦ ਨੇ ਕੀਤੀ। ਇਹ ਮੁਲਾਕਾਤ ਸੁਹਿਰਦ ਅਤੇ ਉਸਾਰੂ ਮਾਹੌਲ ਵਿੱਚ ਹੋਈ, ਜੋ ਭਾਰਤ ਅਤੇ ਮਾਲਦੀਵ ਵਿਚਾਲੇ ਪੁਰਾਣੇ ਸਬੰਧਾਂ ਦਾ ਪ੍ਰਤੀਕ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲੀਹ ਦੀ ਅਗਵਾਈ ਹੇਠ ਦੋਵਾਂ ਦੇਸ਼ਾਂ ਵਿਚਾਲੇ ਦੇ ਦੁਵੱਲੇ ਸਬੰਧਾਂ ਦੀ ਊਰਜਾ, ਇੱਛਾਵਾਂ ਅਤੇ ਪੈਮਾਨੇ ਨੂੰ ਦਰਸਾਉਂਦਾ ਹੈ।

ਭਾਰਤ ਅਤੇ ਮਾਲਦੀਵ ਨੇ ਸਰਹੱਦ ਪਾਰ ਅੱਤਵਾਦ ਸਮੇਤ ਅੱਤਵਾਦ ਦੇ ਸਾਰੇ ਰੂਪਾਂ ਅਤੇ ਪ੍ਰਗਟਾਵਿਆਂ ਦੀ ਸਖਤ ਨਿਖੇਧੀ ਕੀਤੀ ਅਤੇ ਅੱਤਵਾਦ ਦਾ ਮੁਕਾਬਲਾ ਕਰਨ ਲਈ ਵਿਆਪਕ ਅਤੇ ਲਗਾਤਾਰ ਸਹੀ ਢੰਗ ਨਾਲ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਦੋਵਾਂ ਪੱਖਾਂ ਨੇ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਝੇਲ ਰਹੇ ਅੱਤਵਾਦੀ ਸੰਗਠਨਾਂ ਪਾਸੋਂ ਦਰਪੇਸ਼ ਖ਼ਤਰਿਆਂ ਦੀ ਸਮੀਖਿਆ ਕੀਤੀ ਅਤੇ ਸਾਰੇ ਅੱਤਵਾਦੀ ਨੈਟਵਰਕ ਖਿਲਾਫ ਠੋਸ ਕਾਰਵਾਈ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਦੇਸ਼ਾਂ ਵੱਲੋਂ ਫੌਰੀ, ਲਗਾਤਾਰ, ਤਸਦੀਕਸ਼ੁਦਾ ਅਤੇ ਫ਼ੈਸਲਾਕੁਨ ਕਾਰਵਾਈ ਕੀਤੇ ਜਾਣ ਦੀ ਫੌਰੀ ਜ਼ਰੂਰਤ ’ਤੇ ਜ਼ੋਰ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਕੰਟਰੋਲ ਹੇਠ ਕੋਈ ਵੀ ਖੇਤਰ ਦੂਜਿਆਂ ਉੱਤੇ ਅੱਤਵਾਦੀ ਹਮਲਿਆਂ ਲਈ ਇਸਤੇਮਾਲ ਨਾ ਕੀਤਾ ਜਾਵੇ ਅਤੇ ਅਜਿਹੇ ਹਮਲਿਆਂ ਦੇ ਦੋਸ਼ੀਆਂ ਨੂੰ ਜਲਦੀ ਸਜ਼ਾ ਦਿੱਤੀ ਜਾਵੇ।

ਜੂਨ 2019 ਵਿੱਚ ਪ੍ਰਧਾਨ ਮੰਤਰੀ ਮੋਦੀ ਵੱਲੋਂ ਕੀਤੀ ਗਈ ਮਾਲਦੀਵ ਦੀ ਸਰਕਾਰੀ ਫੇਰੀ ਦੌਰਾਨ ਜਾਰੀ ਸਾਂਝੇ ਬਿਆਨ ਦਾ ਹਵਾਲਾ ਦਿੰਦੇ ਹੋਏ ਦੋਵਾਂ ਪੱਖਾਂ ਨੇ ਸ਼ਾਂਤੀ ਅਤੇ ਸੁਰੱਖਿਆ ਨੂੰ ਅੱਤਵਾਦ, ਹਿੰਸਕ ਕੱਟੜਵਾਦ ਅਤੇ ਰੈਡੀਕਲਾਈਜ਼ੇਸ਼ਨ ਵੱਲੋਂ ਦਰਪੇਸ਼ ਗੰਭੀਰ ਖਤਰਿਆਂ ਦੀ ਗੱਲ ਕਹੀ। ਭਾਰਤ ਨੇ ਰਾਸ਼ਟਰਪਤੀ ਸੋਲਿਹ ਦੀ ਸਰਕਾਰ ਵੱਲੋਂ ਅਜਿਹੇ ਖਤਰਿਆਂ ਨਾਲ ਨਜਿੱਠਣ ਦੇ ਮਾਮਲੇ 'ਚ ਅਪਣਾਏ ਗਏ ਸਾਫ ਨਜ਼ਰੀਏ ਅਤੇ ਮਾਲਦੀਵ ਵੱਲੋਂ ਇਸ ਸਬੰਧ ਵਿੱਚ ਚੁੱਕੇ ਗਏ ਠੋਸ ਕਦਮਾਂ ਦੀ ਸ਼ਲਾਘਾ ਕੀਤੀ।

ਦੋਵਾਂ ਪੱਖਾਂ ਨੇ ਪੁਲਿਸ, ਸੁਰੱਖਿਆ ਬਲਾਂ, ਕਸਟਮਜ਼, ਇਮੀਗ੍ਰੇਸ਼ਨ ਅਤੇ ਹੋਰ ਸਬੰਧਤ ਏਜੰਸੀਆਂ ਦਰਮਿਆਨ ਕੱਟੜਵਾਦ ਅਤੇ ਹਿੰਸਕ ਅੱਤਵਾਦ ਦਾ ਮੁਕਾਬਲਾ ਕਰਨ ਸਮੇਤ ਅੱਤਵਾਦ-ਰੋਧ, ਅੱਤਵਾਦ ਦੇ ਵਿੱਤਪੋਸ਼ਣ ਨੂੰ ਰੋਕਣ, ਅੱਤਵਾਦ ਅਤੇ ਹਿੰਸਕ ਅੱਤਵਾਦ ਲਈ ਇੰਟਰਨੈੱਟ ਦੀ ਵਰਤੋਂ ਨੂੰ ਰੋਕਣ, ਜਾਣਕਾਰੀ ਸਾਂਝਾ ਕਰਨ, ਸਮਰੱਥਾ ਵਧਾਉਣ ਅਤੇ ਸੰਸਥਾਗਤ ਸਬੰਧ ਸਥਾਪਤ ਕਰਨ ਸਮੇਤ ਸਹਿਯੋਗ ਦੇ ਵੱਖ - ਵੱਖ ਖੇਤਰਾਂ ਬਾਰੇ ਵਿਚਾਰ ਵਟਾਂਦਰੇ ਕੀਤੇ। ਇਸ ਤੋਂ ਛੁੱਟ ਦੋਵਾਂ ਪੱਖਾਂ ਨੇ ਨਸ਼ੀਲੇ ਪਦਾਰਥਾਂ ਅਤੇ ਨਸ਼ਿਆਂ ਦੀ ਤਸਕਰੀ ਵਿਰੁੱਧ ਦੁਵੱਲਾ ਸਹਿਯੋਗ ਵਧਾਉਣ 'ਤੇ ਵੀ ਵਿਚਾਰ ਵਟਾਂਦਰੇ ਕੀਤੇ। ਇਸ ਵਿਚਾਰ ਵਟਾਂਦਰੇ ਵਿੱਚ COVID -19 ਮਹਾਂਮਾਰੀ ਕਾਰਨ ਅੱਤਵਾਦ-ਰੋਧ, ਕੱਟੜਵਾਦ ਅਤੇ ਹਿੰਸਕ ਅੱਤਵਾਦ ਦਾ ਮੁਕਾਬਲਾ ਕਰਨ ਦੇ ਮਾਮਲੇ 'ਚ ਪੇਸ਼ ਚੁਣੌਤੀਆਂ ਦੀ ਵੀ ਗੱਲ ਹੋਈ।

ਦੋਵਾਂ ਪੱਖਾਂ ਨੇ ਸਹਿਯੋਗ ਨੂੰ ਮਜ਼ਬੂਤ ਕਰਨ ਉੱਤੇ ਸਹਿਮਤੀ ਦਿੱਤੀ, ਜਿਸ ਵਿੱਚ ਸੁਰੱਖਿਆ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਅਤੇ ਮਾਲਦੀਵ ਦੀਆਂ ਹੋਰ ਏਜੰਸੀਆਂ ਲਈ ਸਹਾਇਤਾ ਅਤੇ ਸਮਰੱਥਾ ਵਧਾਉਣ ਦੇ ਨਾਲ-ਨਾਲ ਅੱਤਵਾਦ ਦੀ ਰੋਕਥਾਮ ਵਿੱਚ ਸਹਿਯੋਗ ਅਤੇ ਅੱਤਵਾਦ -ਰੋਧ, ਹਿੰਸਕ ਅੱਤਵਾਦ ਅਤੇ ਡੀ-ਰੈਡੀਕਲਾਈਜ਼ੇਸ਼ਨ ਦੇ ਮਾਮਲੇ 'ਚ ਸਰਬੋਤਮ ਪ੍ਰਥਾਵਾਂ ਦਾ ਵਟਾਂਦਰਾ ਸ਼ਾਮਲ ਹੈ। ਦੋਵਾਂ ਪੱਖਾਂ ਦਰਮਿਆਨ ਬਹੁਪੱਖੀ ਮੰਚਾਂ 'ਤੇ ਸਹਿਯੋਗ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ ਗਏ।

ਨਵੀਂ ਦਿੱਲੀ ਵਿੱਚ ਆਪਣੇ ਠਹਿਰਨ ਦੌਰਾਨ ਮਾਲਦੀਵ ਦਾ ਵਫ਼ਦ ਰਾਸ਼ਟਰੀ ਸੁਰੱਖਿਆ ਗਾਰਡ ਦੀਆਂ ਸਿਖਲਾਈ ਸਹੂਲਤਾਂ ਅਤੇ ਪੁਲਿਸ ਖੋਜ ਅਤੇ ਵਿਕਾਸ ਬਿਊਰੋ ਦਾ ਦੌਰਾ ਵੀ ਕਰੇਗਾ।

**ਨਵੀਂ ਦਿੱਲੀ**
**8 ਅਪ੍ਰੈਲ**, 2021

DISCLAIMER: This is an approximate translation. The original is available in English on MEA's website and may be referred to as the official press release.